**Best Start Kindergarten Assessment**
**Information for parents and carers**

# ਬੈਸਟ ਸਟਾਰਟ ਕਿੰਡਰਗਾਰਡਨ ਮੁਲਾਂਕਣ

## ਮਾਪਿਆਂ ਅਤੇ ਸੰਭਾਲਕਾਂ ਲਈ ਜਾਣਕਾਰੀ

ਪਿਆਰੇ ਮਾਪਿਓ ਅਤੇ ਸੰਭਾਲਕੋ,

ਬੈਸਟ ਸਟਾਰਟ ਕਿੰਡਰਗਾਰਡਨ ਮੁਲਾਂਕਣ ਸਾਡੇ ਸਕੂਲ ਵਿੱਚ ਟਰਮ 1, ਨੂੰ ਹੋਵੇਗਾ।

ਬੈਸਟ ਸਟਾਰਟ ਕਿੰਡਰਗਾਰਡਨ ਮੁਲਾਂਕਣ ਇੱਕ ਰਾਜ ਵਿਆਪੀ ਮੁਲਾਂਕਣ ਹੈ ਜਿਹੜਾ ਅਧਿਆਪਕਾਂ ਨੂੰ ਕਿੰਡਰਗਾਰਡਨ ਸ਼ੁਰੂ ਕਰਨ ਦੇ ਸਮੇਂ ਹਰੇਕ ਵਿਦਿਆਰਥੀ ਦੇ ਸਾਖਰਤਾ ਅਤੇ  ਅੰਕਾਂ ਦੇ ਹੁਨਰਾਂ ਦੀ ਪਹਿਚਾਣ ਕਰਦਾ ਹੈ। ਇਹ ਅਧਿਆਪਕਾਂ ਲਈ ਸਬਕਾਂ ਦੀ ਯੋਜਨਾ ਬਣਾਉਣ ਵਿੱਚ ਸਹਾਇਕ ਹੁੰਦਾ ਹੈ ਤਾਂ ਜੋ ਹਰੇਕ ਬੱਚੇ ਦੀਆਂ ਸਿਖਿਆ ਪ੍ਰਤੀ ਲੋੜਾਂ ਦਾ ਸਮਰਥਨ ਕੀਤਾ ਜਾ ਸੱਕੇ।

ਬੱਚੇ ਕਈ ਤਰ੍ਹਾਂ ਦੇ ਅਨੁਭਵਾਂ, ਹੁਨਰਾਂ ਅਤੇ ਕਾਬਲੀਅਤਾਂ ਨੂੰ ਆਪਣੇ ਨਾਲ ਲੈ ਕੇ ਸਕੂਲ ਆਉਂਦੇ ਹਨ। ਕਈਆਂ ਨੂੰ ਕਿਤਾਬਾਂ ਦੀ ਪਹਿਚਾਣ ਹੁੰਦੀ ਹੈ, ਵਰਣਮਾਲਾ ਦੇ ਅੱਖਰਾਂ ਨੂੰ ਪਹਿਚਾਣ ਸਕਦੇ ਹਨ ਜਾਂ ਉਹ ਆਪਣਾ ਨਾਮ ਵੀ ਲਿਖ ਸਕਦੇ ਹਨ ਜਾਂ ਦਸ ਤੱਕ ਗਿਣ ਸਕਦੇ ਹਨ, ਜਦ ਕਿ ਕਈਆਂ ਨੇ ਅਜੇ ਤੱਕ ਇਹ ਹੁਨਰ ਨਹੀਂ ਸਿੱਖੇ ਹੁੰਦੇ।

ਬੈਸਟ ਸਟਾਰਟ ਕਿੰਡਰਗਾਰਡਨ ਮੁਲਾਂਕਣ ਅਧਿਆਪਕਾਂ ਨੂੰ ਹਰੇਕ ਬੱਚੇ ਦੇ ਨਾਲ ਬੈਠ ਕੇ ਆਪਣਾ ਧਿਆਨ ਇਸ ਗਲ ‘ਤੇ ਕੇਂਦਰਿਤ ਕਰਨ ਦਾ ਮੌਕਾ ਦਿੰਦਾ ਹੈ ਕਿ ਉਹ ਬੱਚਾ ਕੀ ਕਰ ਸਕਦਾ/ਸਕਦੀ ਹੈ।

ਇਹ ਮੁਲਾਂਕਣ ਪਰੀਖਿਆ ਨਹੀਂ ਹੁੰਦੀ ਬਲਕਿ ਇਹ ਅਧਿਆਪਕਾਂ ਨੂੰ ਕੁੱਝ ਅਹਿਮ ਜਾਣਕਾਰੀ ਦੇਣ ਵਿੱਚ ਸਹਾਇਕ ਹੁੰਦਾ ਹੈ ਤਾਂ ਜੋ ਤੁਹਾਡੇ ਬੱਚੇ ਦਾ ਸਕੂਲ ਵਿੱਚ ਸਿਖਿਆ ਲਈ ਸਮਰਥਨ ਹੋਵੇ। ਜੇ ਤੁਸੀਂ ਆਪਣੇ ਬੱਚੇ ਨੂੰ ਇਸ ਮੁਲਾਂਕਣ ਵਿੱਚ ਹਿਸਾ ਲੈਣ ਤੋਂ  ਹਟਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ।

ਨੱਥੀ ਕੀਤੀ ਜਾਣਕਾਰੀ ਸ਼ੀਟ ਵਿੱਚ ਬੈਸਟ ਸਟਾਰਟ ਕਿੰਡਰਗਾਰਡਨ ਮੁਲਾਂਕਣ ਸਬੰਧੀ ਵਧੇਰੇ ਜਾਣਕਾਰੀ ਦਿੱਤੀ ਗਈ ਹੈ।

ਜੇ ਤੁਹਾਡੇ ਕੋਈ ਬੈਸਟ ਸਟਾਰਟ ਕਿੰਡਰਗਾਰਡਨ ਮੁਲਾਂਕਣ ਸਬੰਧੀ ਕੋਈ ਸਵਾਲ ਹਨ ਤਾਂ ਸਕੂਲ ਨਾਲ ਸੰਪਰਕ ਕਰੋ।

## ਟੈਲੀਫੋਨ ਦੁਭਾਸ਼ਿਆਈ ਸੇਵਾ

ਜੇ ਤੁਸੀਂ ਸਕੂਲ ਨਾਲ ਸੰਪਰਕ ਕਰਨ ਲਈ ਇੱਕ ਦੁਭਾਸ਼ੀਏ ਦੀ ਸਹਾਇਤਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਟੈਲੀਫੋਨ ਇੰਟਰਪ੍ਰੈਟਰ ਸੇਵਾ ਨੂੰ 131 450 ‘ਤੇ ਕਾਲ ਕਰੋ ਅਤੇ ਤੁਹਾਡੀ ਭਾਸ਼ਾ ਵਿੱਚ ਇੱਕ ਦੁਭਾਸ਼ੀਏ ਦੀ ਮੰਗ ਕਰੋ। ਦੁਭਾਸ਼ੀਆ ਸਕੂਲ ਨਾਲ ਸੰਪਰਕ ਕਰੇਗਾ ਅਤੇ ਗਲਬਾਤ ਦੌਰਾਨ ਤੁਹਾਡੀ ਮਦਦ ਕਰਨ ਲਈ ਲਾਈਨ ‘ਤੇ ਰਹੇਗਾ। ਇਸ ਸੇਵਾ ਲਈ ਤੁਹਾਨੂੰ ਕੋਈ ਫੀਸ ਨਹੀਂ ਦੇਣੀ ਪਵੇਗੀ।

ਪ੍ਰਿੰਸੀਪਲ